# ਸਭ ਦੇ ਭਾਅ ਜੀ ਗੁਰਸ਼ਰਨ ਸਿੰਘ

ਅਤਰਜੀਤ

ਪੰਜਾਬ ਦੇ ਹੀ ਨਹੀਂ ਬਲਕਿ ਸੰਸਾਰ ਇਤਿਹਾਸ ਵਿਚ ਅਠਾਈ ਸਤੰਬਰ 2011 ਨੂੰ ਇਕ ਅਜਿਹੀ ਘਟਨਾ ਵਾਪਰੀ ਜਿਸ ਨੇ ਪੂਰੇ ਸੰਸਾਰ ਦੇ ਪੰਜਾਬੀ ਪਿਆਰਿਆਂ, ਲੇਖਕਾਂ, ਬੁੱਧੀਜੀਵੀਆਂ ਨੂੰ ਹਿਲਾ ਕੇ ਰੱਖ ਦਿੱਤਾ। ਜਦ ਅਸੀਂ ਚੰਡੀਗੜ੍ਹ ਭਾਅ ਜੀ ਦੇ ਘਰ ਪੁੱਜੇ ਤਾਂ ਉਨ੍ਹਾਂ ਦੀ ਦੇਹ ਸ਼ੀਸ਼ੇ ਦੇ ਤਾਬੂਤ ਵਿਚ ਸਜਾ ਕੇ ਰੱਖੀ ਹੋਈ ਸੀ ਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸੇਜਲ ਅੱਖਾਂ ਨਾਲ ਉਨ੍ਹਾਂ ਦੁਆਲੇ ਜੁੜੇ ਹੋਏ ਸਨ। ਹੋਰ ਤਾਂ ਹੋਰ ਕਿਸਾਨਾਂ ਦੇ ਕਾਫ਼ਲੇ ਵੀ ਮਹਾਨ ਭਾਅ ਜੀ ਦੇ ਅੰਤਿਮ ਦਰਸ਼ਨਾਂ ਲਈ ਆਏ ਹੋਏ ਸਨ। ਜਦੋਂ ਉਨ੍ਹਾਂ ਦੀ ਅਰਥੀ "ਪੰਜਾਬੀ ਨਾਟਕ ਦਾ ਸ਼ਾਹ ਸਵਾਰ ਗੁਰਸ਼ਰਨ ਭਾਅ ਜੀ-ਜ਼ਿੰਦਾਬਾਦ, ਇਨਕਲਾਬੀ ਰੰਗਮੰਚ ਦੀ ਕਲਗੀ ਗੁਰਸ਼ਰਨ ਭਾਅ ਜੀ-ਜ਼ਿੰਦਾਬਾਦ, ਪੰਜਾਬ ਨਾਟਕ ਦਾ ਬਾਬਾ ਬੋਹੜ ਗੁਰਸ਼ਰਨ ਭਾਅ ਜੀ-ਜ਼ਿੰਦਾਬਾਦ, ਭਾਈ ਮੰਨਾ ਸਿੰਘ-ਜ਼ਿੰਦਾਬਾਦ, ਭਾਅ ਜੀ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ, ਭਾਅ ਜੀ ਤੇਰਾ ਕਾਜ ਅਧੂਰਾ, ਲਾ ਕੇ ਜਿੰਦੜੀਆਂ ਕਰਾਂਗੇ ਪੂਰਾ" ਆਦਿ ਵੰਨ-ਸੁਵੰਨੇ ਨਾਹਰਿਆਂ ਦੀ ਗੂੰਜਾਰ ਦਰਮਿਆਨ, ਫੁੱਲਾਂ ਨਾਲ ਸਜੀ ਗੱਡੀ ਵਿਚ ਰੱਖੀ ਗਈ ਤਾਂ ਪੰਜਾਬੀ ਨਾਟਕ ਦੇ ਉਸ ਸਿਖਰ ਦੇ ਮਗਰ ਹਜ਼ਾਰਾਂ ਸੇਜਲ ਅੱਖਾਂ ਦਾ ਇਕ ਦਰਿਆ ਹੀ ਤਾਂ ਜਿਵੇਂ ਵਗ ਪਿਆ ਸੀ। ਅਠਾਈ ਸਤੰਬਰ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਵਾਲੇ ਦਿਨ ਭਾਅ ਜੀ ਜਿਸਮਾਨੀ ਤੌਰ 'ਤੇ ਸਾਡੀਆਂ ਅੱਖਾਂ ਤੋਂ ਓਝਲ ਹੋ ਗਏ ਹਨ। ਪਤਾ ਤਾਂ ਪਹਿਲਾਂ ਹੀ ਸੀ ਕਿ ਭਾਅ ਜੀ ਹੁਣ ਸਾਡੇ ਵਿਚਕਾਰ ਬਹੁਤੀ ਦੇਰ ਤੱਕ ਨਹੀਂ ਰਹਿ ਸਕਣਗੇ। ਜਦੋਂ ਮੈਂ ਉਨ੍ਹਾਂ ਨੂੰ ਮਿਲਣ ਲਈ ਗਿਆ ਤਾਂ ਉਹ ਮੰਜੇ ਉਪਰ ਸਿਰਹਾਣਿਆਂ ਦਾ ਢਾਸਣਾ ਲਾ ਕੇ ਪਏ ਵੀ ਚੜ੍ਹਦੀਆਂ ਕਲਾਂ ਵਿਚ ਸਨ ਪਰ ਇਹ ਚੜ੍ਹਦੀਆਂ ਕਲਾਂ ਉਨ੍ਹਾਂ ਦੀ ਆਤਮਿਕ ਸ਼ਕਤੀ ਦੇ ਕਾਰਨ ਹੀ ਸਨ। ਪਤਾ ਤਾਂ ਸੀ ਕਿ ਭਾਅ ਜੀ ਨੇ ਤੁਰ ਜਾਣਾ ਹੈ, ਫੇਰ ਵੀ ਲੋਹੜੇ ਦੇ ਇਨਕਲਾਬੀ ਜੋਸ਼ ਵਿਚ ਸਦਮੇ ਦਾ ਰੰਗ ਉਦੋਂ ਹੋਰ ਵੀ ਗੂੜ੍ਹਾ ਹੋ ਗਿਆ ਜਦੋਂ ਸ਼ੀਸ਼ੇ ਦੇ ਤਾਬੂਤ ਉਪਰ ਮੁੱਕੀਆਂ ਮਾਰਦੀ, ਉਨ੍ਹਾਂ ਦੇ ਨਾਟਕਾਂ ਦੀ ਕਲਾਕਾਰ ਕੁੜੀ ਧਾਹਾਂ ਮਾਰ-ਮਾਰ ਕੇ ਚੀਕਾਂ ਮਾਰ-ਮਾਰ ਰੁਦਨ ਕਰਨ ਲੱਗੀ— "ਤੁਸੀਂ ਮੈਨੂੰ ਨਾਟਕ ਕਰਨ ਵਾਸਤੇ ਕਿਉਂ ਬੁਲਾਇਆ ਸੀ? ਭਾਅ ਜੀ ਮੇਰੇ ਨਾਲ ਤੁਸੀਂ ਇਹ ਕੀ ਕੀਤਾ? ਤੁਸੀਂ ਮੈਨੂੰ ਬੁਲਾਇਆ ਹੀ ਕਿਉਂ ਸੀ ਜੇ ਤੁਸੀਂ ਇਉਂ ਹੀ ਤੁਰ ਜਾਣਾ ਸੀ? ਤੇ ਉਸ ਕੁੜੀ ਦਾ ਰੁਦਨ ਸੰਸਕਾਰ ਦੇ ਅਖ਼ੀਰ ਤੱਕ ਵੀ ਜਿਉਂ ਦਾ ਤਿਉਂ ਜਾਰੀ ਸੀ। ਸਾਡੇ ਉਸਦੀਆਂ ਮੁੱਠੀਆਂ ਮੀਟ ਕੇ ਬਾਂਹ ਉਪਰ ਕਰ ਕੇ ਨਾਹਰਾ ਲਵਾਉਣ ਦੇ ਸਾਰੇ ਯਤਨ ਬੇਕਾਰ ਜਾ ਰਹੇ ਸਨ। ਉਦੋਂ ਵੀ ਉਹ ਬੱਚੀ ਕਾਬੂ ਵਿਚ ਨਹੀਂ ਸੀ ਆ ਰਹੀ ਜਦੋਂ ਡਾ. ਸਾਹਿਬ ਸਿੰਘ ਨੇ ਨਾਹਰਾ ਲਾਇਆ— **'ਗੁਰਸ਼ਰਨ ਭਾਅ ਜੀ ਕਿਤੇ ਨਹੀਂ ਗਏ, ਭਾਅ ਜੀ ਸਾਡੇ ਦਿਲਾਂ 'ਚ ਨੇ।'** ਸਾਡੇ ਸਭ ਦੇ ਵਾਰ-ਵਾਰ ਜ਼ੋਰ ਦੇਣ 'ਤੇ ਵੀ ਉਸ ਨੇ-'ਗੁਰਸ਼ਰਨ

ਭਾਅ ਜੀ ਅਮਰ ਰਹਿਣ' ਨਾ ਕਿਹਾ, ਬਸ ਚੀਕਾਂ ਸਨ ਜੋ ਠੱਲ੍ਹੀਆਂ ਨਹੀਂ ਸਨ ਜਾ ਰਹੀਆਂ ਤੇ ਜੋ ਅੰਬਰ ਨੂੰ ਪਾੜ ਰਹੀਆਂ ਸਨ। ਕੁੜੀ ਦਾ ਇਹ ਰੁਦਨ ਇਕੱਲੀ ਕਹਿਰੀ ਕੁੜੀ ਦਾ ਰੁਦਨ ਨਾ ਹੋ ਕੇ ਮਜਲਿਸ ਵਿਚ ਹਾਜ਼ਰ ਤਮਾਮ ਲੋਕਾਂ ਦਾ ਰੁਦਨ ਸੀ। ਜੇ ਫ਼ਰਕ ਸੀ ਤਾਂ ਇਹ ਕਿ ਇਹ ਰੁਦਨ ਵਿਸ਼ਾਲ ਲੋਕਾਈ ਦੇ ਹਿਰਦਿਆਂ ਵਿਚ ਜਵਾਲਾ ਬਣ ਕੇ ਵੀ ਉਤਰ ਰਿਹਾ ਸੀ।

**ਹਾਂ ਭਾਅ ਜੀ ਹੁਣ ਸਾਡੇ ਵਿਚਕਾਰ ਸਰੀਰਕ ਤੌਰ 'ਤੇ ਮੁੜ ਕੇ ਨਹੀਂ ਆਉਣਗੇ ਤਾਂ ਵੀ ਉਹ ਆਪਣੀ ਇਕ ਅਨੋਖੀ ਹੋਂਦ ਨਾਲ ਸਾਡੀਆਂ ਝੋਲੀਆਂ ਭਰ ਗਏ ਹਨ। ਉਨ੍ਹਾਂ ਦੀ ਇਹ ਹੋਂਦ ਸਾਡੇ ਅੰਗ-ਸੰਗ ਬਰਾਬਰ ਸਫ਼ਰ ਕਰਦੀ ਮਹਿਸੂਸ ਕੀਤੀ ਜਾ ਸਕਦੀ ਹੈ। ਇਹ ਰੁਦਨ ਦਾ ਸਮਾਂ ਨਹੀਂ ਦੋਸਤੋ! ਝੂਠ ਦੀ ਇਸ ਰਾਤ ਨੂੰ ਇਨਕਲਾਬੀ ਜੋਸ਼ ਵਿਚ ਰੰਗਣਾ ਸਮੇਂ ਦੀ ਲੋੜ ਹੈ। ਹਾਂ ਦੋਸਤੋ, ਇਸ ਗ਼ਮ ਨੂੰ ਇਨਕਲਾਬੀ ਜੋਸ਼ ਵਿਚ ਬਦਲਣ ਦੀ ਸਮੇਂ ਦੀ ਲੋੜ ਹੈ। ਭਾਅ ਜੀ ਦੇ ਬੋਲ ਜੋ ਹਮੇਸ਼ਾਂ ਸਟੇਜਾਂ 'ਤੇ ਗੂੰਜਦੇ ਰਹੇ ਹਨ—ਸਮਾਨਤਾ ਦੇ ਬੋਲ, ਬਰਾਬਰੀ ਦੇ ਬੋਲ, ਉਨ੍ਹਾਂ ਦੇ ਜਮਾਤੀ ਬੁਧਵਾ ਵਰਗਿਆਂ ਦੀ ਜ਼ਿੰਦਗੀ ਨੂੰ ਮੁੱਢੋਂ ਤਬਦੀਲ ਕਰਨ ਦੇ ਬੋਲ, ਔਰਤ ਨੂੰ ਮਰਦ ਦੇ ਬਰਾਬਰ ਹੱਕ ਦੇਣ ਦੇ ਬੋਲ, ਘਰਾਂ ਵਿੱਚੋਂ ਔਰਤ ਨੂੰ ਮਾਂ, ਭੈਣ, ਧੀ ਆਦਿ ਦੀਆਂ ਦਿੱਤੀਆਂ ਜਾਣ ਵਾਲੀਆਂ ਗਾਲ੍ਹਾਂ ਨੂੰ ਘਰ-ਨਿਕਾਲਾ ਦੇ ਕੇ ਬਾਹਰ ਵਗਾਹ ਮਾਰਨ ਦੇ ਬੋਲਾਂ ਨੂੰ ਉੱਚੀ ਸੁਰ ਵਿਚ ਗੁੰਜਾਉਣ ਦੀ ਰੁੱਤ ਹੈ। ਮੌਸਮਾਂ ਨੂੰ ਸੂਹੇ ਰੰਗ ਵਿਚ ਰੰਗ ਕੇ ਪੱਤਝੜਾਂ ਨੂੰ ਦੇਸ਼-ਨਿਕਾਲਾ ਦੇ ਕੇ ਅੱਜ ਦੀਆਂ ਦੁਸ਼ਵਾਰੀਆਂ, ਤੰਗ-ਦਸਤੀਆਂ ਦੇ ਜੰਗਲ ਨੂੰ ਲੋਕਾਈ ਦੇ ਮਹਿਕਦੇ ਬਾਗਾਂ ਵਿਚ ਤਬਦੀਲੀ ਕਰਨ ਲਈ ਤਿੱਖੇ ਚੇਤੰਨ ਸੰਘਰਸ਼ਾਂ ਦੀ ਰੁੱਤ ਹੈ। ਤਮਾਮ ਇਨਕਲਾਬੀ ਧਿਰਾਂ ਨੂੰ ਉਨੀ-ਇੱਕੀ ਦੇ ਫ਼ਰਕ ਮਿਟਾ ਕੇ ਗੁਰਸ਼ਰਨ ਸਿੰਘ ਭਾਅ ਦੇ ਏਕੀਕਰਨ ਦੇ ਬੋਲਾਂ ਨੂੰ ਵਜ਼ਨ ਦੇਣ ਦੀ ਲੋੜ ਹੈ ਕਿਉਂ ਜੋ ਇਹ ਲੋਕ-ਦੋਖੀ ਸਿਸਟਮ ਦਾ ਫਾਹਾ ਵੱਢ ਕੇ ਲੋਕ-ਪੱਖੀ ਰਾਜ ਦੀ ਸਥਾਪਨਾ ਲਈ ਇਕ-ਜੁੱਟ ਸੰਘਰਸ਼ਾਂ ਦੀ ਰੁੱਤ ਹੈ। ਕਲਮਕਾਰਾਂ, ਕਵੀਆਂ, ਕਹਾਣੀਕਾਰਾਂ, ਨਾਟਕਕਾਰਾਂ ਆਦਿ ਨੂੰ ਸਰਕਾਰੇ-ਦਰਬਾਰੇ ਮਾਣ-ਸਨਮਾਨ ਦੀ ਦੌੜ ਵਿਚ ਪੈਣ ਦੀ ਥਾਂ ਕਲਮਾਂ ਨੂੰ ਤਿੱਖੀਆਂ ਕਰਨ ਦਾ ਸਮਾਂ ਹੈ ਤਾਂ ਜੋ ਕਲਮਾਂ ਦੀ ਨੋਕ ਤੋਂ ਬਰਾਬਰੀ ਦੇ ਸਮਾਜ ਲਈ ਤੜਪ ਦੇ ਸ਼ਬਦ ਹੀ ਟਪਕਣ ਲੱਗਣ।**

ਰੱਜੇ-ਪੁੱਜੇ ਅੰਗਰੇਜ਼ ਪ੍ਰਸਤ ਪਰਿਵਾਰ ਦੇ ਜੰਮਪਲ ਗੁਰਸ਼ਰਨ ਸਿੰਘ ਭਾਅ ਜੀ ਆਪਣੇ ਵੱਡੇ ਭਾਈ ਸ. ਇੰਦਰਜੀਤ ਸਿੰਘ ਦੇ ਨਕਸ਼ੇ-ਕਦਮ 'ਤੇ ਚੱਲਦਿਆਂ ਕਿਵੇਂ ਗਰੀਬਾਂ ਦੇ ਮਸੀਹਾ ਬਣ ਕੇ ਉਭਰੇ, ਉਹ ਸਪਿਰਟ ਕਾਇਮ ਹੀ ਨਹੀਂ ਰੱਖਣੀ, ਉਸ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਦਾ ਤਹੱਈਆ ਕਰਨ ਦੀ ਜ਼ਰੂਰਤ ਹੈ। ਗੁਰਸ਼ਰਨ ਭਾਅ ਸਾਡਾ ਬਹੁਤ ਵੱਡਾ ਹਾਸਲ ਸਨ, ਬਹੁਤ ਵੱਡੀ ਪ੍ਰਾਪਤੀ। ਇਸ ਹਾਸਲ ਨੂੰ ਹਮੇਸ਼ਾਂ ਆਪਣੇ ਅੰਗ-ਸੰਗ ਰੱਖਣ ਦੀ ਜ਼ਰੂਰਤ ਹੈ।

2 ਅਕਤੂਬਰ 2011 ਨੂੰ ਪਰਿਵਾਰ ਵੱਲੋਂ ਵਿਸ਼ਾਲ ਸ਼ਰਧਾਂਜਲੀ ਸਮਾਰੋਹ ਦੇ ਦੌਰਾਨ ਇਹ ਗੱਲ ਨੋਟ ਕਰਨ ਵਾਲੀ ਸੀ ਕਿ ਉਸ ਇਕੱਠ ਵਿਚ ਬਹੁਤ ਵੱਡੀ ਗਿਣਤੀ ਵਿਚ ਲੇਖਕਾਂ-ਬੁੱਧੀਜੀਵੀਆਂ ਤੋਂ ਇਲਾਵਾ ਅਨੇਕਾਂ ਹੀ ਮਜ਼ਦੂਰ, ਮੁਲਾਜ਼ਮ, ਕਿਸਾਨ, ਵਿਦਿਆਰਥੀ ਜਥੇਬੰਦੀਆਂ ਦੇ ਸੰਘਰਸ਼ਸ਼ੀਲ ਤਬਕਿਆਂ ਅਤੇ ਹੋਰ ਖੱਬੀ ਸੋਚ ਰੱਖਣ

ਵਾਲੀਆਂ ਪਾਰਟੀਆਂ ਅਤੇ ਜਨਤਕ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਕਾਫ਼ਲਿਆਂ ਦੇ ਰੂਪ ਵਿਚ ਆਪਣੀ ਭਰਵੀਂ ਸ਼ਮੂਲੀਅਤ ਕੀਤੀ ਸੀ। ਯਾਦ ਰੱਖਣ ਵਾਲੀ ਗੱਲ ਹੈ ਕਿ 11 ਜਨਵਰੀ 2006 ਨੂੰ ਪਿੰਡ ਕੁੱਸਾ ਵਿਖੇ ਲੇਖਕਾਂ, ਬੁੱਧੀਜੀਵੀਆਂ 'ਤੇ ਆਧਾਰਤ ਬਣੀ ਇਨਕਲਾਬੀ ਨਿਹਚਾ ਸਨਮਾਨ ਕਮੇਟੀ ਦੇ ਝੰਡੇ ਹੇਠ ਪੰਜਾਬੀ ਸਾਹਿਤ ਦੇ ਵੱਡੇ ਹਸਤਾਖ਼ਰ ਸੰਤੋਖ ਸਿੰਘ ਧੀਰ ਦੀ ਪ੍ਰਧਾਨਗੀ ਵਿਚ ਪੈਂਤੀ-ਚਾਲੀ ਹਜ਼ਾਰ ਲੋਕਾਂ ਨੇ ਭਾਅ ਜੀ ਨੂੰ ਸਲਾਮ ਆਖੀ ਸੀ। ਐਨਾ ਇਕੱਠ ਕਿ ਕਿਤੇ ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ। ਇਸ ਸਨਮਾਨ ਸਮਾਰੋਹ ਵਿਚ ਪੰਜਾਬੀ ਦੇ ਸਿਰਮੌਰ ਸਾਹਿਤਕਾਰ ਅਤੇ ਕਈ ਹੋਰ ਵੱਡੇ ਹਸਤਾਖ਼ਰ ਹਾਜ਼ਰ ਸਨ ਜਿਨ੍ਹਾਂ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਾਮਰੇਡ ਗੰਧਰਵ ਸੇਨ ਕੋਛੜ ਤੋਂ ਇਲਾਵਾ ਵਰਿਆਮ ਸੰਧੂ, ਸੁਰਜੀਤ ਪਾਤਰ, ਅਜਮੇਰ ਸਿੰਘ ਔਲਖ, ਡਾ. ਪ੍ਰਮਿੰਦਰ ਸਿੰਘ ਮੁਖੀ ਅੰਗਰੇਜ਼ੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਆਦਿ ਹਾਜ਼ਰ ਸਨ। ਅਨੀਤਾ ਸ਼ਬਦੀਸ਼ ਨੇ ਆਪਣੇ ਇਕ ਲੇਖ ਵਿਚ ਬਹੁਤ ਹੀ ਵਿਲੱਖਣ ਸੁਰ ਵਿਚ ਇਸ ਦਾ ਜ਼ਿਕਰ ਕੀਤਾ— "ਇਹ ਦਿਨ ਮੇਰੇ ਚੇਤਿਆਂ ਵਿਚ ਖੁਣਿਆ ਗਿਆ ਹੈ। ਸ਼ਾਇਦ ਉਨ੍ਹਾਂ ਸਾਰਿਆਂ ਦੇ ਚੇਤਿਆਂ ਵਿਚ ਵੀ ਰਹੇਗਾ, ਜਿਨ੍ਹਾਂ ਨੇ ਉਸ ਦਿਨ ਲੋਕਤਾ ਦੇ ਵਿਸ਼ਾਲ ਸਮੁੰਦਰ ਨੂੰ ਤੱਕਿਆ ਹੈ। ਇਹ ਇਕੱਠ ਖੱਬੇ-ਪੱਖੀ ਜਨਤਕ ਜਥੇਬੰਦੀਆਂ ਦਾ ਸੀ। ਫਿਰ ਵੀ ਇਸ ਵਿਚ ਲੇਖਕਾਂ/ਕਲਾਕਾਰਾਂ ਦੀ ਸ਼ਮੂਲੀਅਤ ਹੀ ਅਹਿਮ ਮੰਨੀ ਗਈ। ਜਨਤਕ ਨੇਤਾਵਾਂ ਨੇ ਅਵਾਮ ਨੂੰ ਇਕੱਠਿਆਂ ਕੀਤਾ ਤੇ ਉਸ ਦਾ ਹੀ ਹਿੱਸਾ ਹੋ ਗਏ। ਮੰਚ ਉੱਤੇ ਹਾਜ਼ਰ ਸਨ-ਸੰਤੋਖ ਸਿੰਘ ਧੀਰ, ਸੁਰਜੀਤ ਪਾਤਰ, ਵਰਿਆਮ ਸੰਧੂ, ਅਜਮੇਰ ਸਿੰਘ ਔਲਖ ਅਤੇ ਹੋਰ ਕਈ ਸ਼ਖ਼ਸੀਅਤਾਂ'। ਹਜ਼ਾਰਾਂ ਹੀ ਲੋਕਾਂ ਨੂੰ ਬੱਸਾਂ ਵਿਚ ਲੱਦ ਕੇ ਲਿਆਉਣ ਵਾਲੇ ਲੋਕਾਂ ਦਾ ਤਾਂ ਇਹ ਵੀ ਪਤਾ ਨਾ ਲੱਗਿਆ ਕਿ ਉਹ ਕਿੱਥੇ ਬੈਠੇ, ਉਹ ਤਾਂ ਦਰਸ਼ਕਾਂ ਸਰੋਤਿਆਂ ਦਾ ਹੀ ਹਿੱਸਾ ਬਣ ਗਏ ਸਨ। ਸਟੇਜ ਉੱਪਰ ਬੈਠੇ ਸਨ ਪੰਜਾਬ ਦੇ ਵੱਡੇ ਸਾਹਿਤਕਾਰ ਅਤੇ ਬੁੱਧੀਜੀਵੀ। ਬੋਲਣ ਵਾਲੇ ਵੀ ਇਹੋ ਲੋਕ ਸਨ। ਸੰਤੋਖ ਸਿੰਘ ਧੀਰ ਕਹਿ ਰਹੇ ਸਨ ਕਿ ਉਨ੍ਹਾਂ ਨੇ ਤਾਂ ਇਹੋ ਸੋਚਿਆ ਸੀ ਕਿ ਕਾਫ਼ੀ ਇਕੱਠ ਹੋਵੇਗਾ ਪਰ ਇੰਨਾ ਵਿਸ਼ਾਲ ਇਕੱਠ ਵੇਖ ਕੇ ਯਕੀਨ ਜਾਣੋ, ਮੇਰੀ ਕਲਪਨਾ ਝੂਠੀ ਪੈ ਗਈ ਹੈ। ਐਨਾ ਇਕੱਠ ਤੇ ਦੇਸ਼ ਦੀ ਹਾਲਤ ਬਦਲਣ ਤੋਂ ਪਹਿਲਾਂ ਇਹ ਸਨਮਾਨ ਇਨ੍ਹਾਂ ਦਾ ਹੋ ਰਿਹਾ ਹੈ, ਬਹੁਤ ਵੱਡੀ ਗੱਲ ਹੈ। ਇਹ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਕਿਸੇ ਕਲਾਕਾਰ ਦਾ ਏਡਾ ਵੱਡਾ ਸਨਮਾਨ ਪਹਿਲੀ ਵਾਰ ਦੇਖਿਆ ਹੈ।"

ਇਸੇ ਸਨਮਾਨ ਕਮੇਟੀ ਵਿਚ ਪੰਜਾਬ ਰੰਗਮੰਚ ਦੇ ਚੋਟੀ ਦੇ ਹਸਤਾਖ਼ਰ ਡਾ. ਆਤਮਜੀਤ ਸਿੰਘ, ਕੇਵਲ ਧਾਲੀਵਾਲ, ਪ੍ਰੋ. ਅਜਮੇਰ ਸਿੰਘ ਔਲਖ, ਸ਼ਬਦੀਸ਼, ਪਾਲੀ ਭੁਪਿੰਦਰ ਆਦਿ ਨੂੰ ਸ਼ਾਮਿਲ ਕਰਨ ਨਾਲ ਵਾਧਾ ਕਰ ਕੇ ਸ਼ਰਧਾਂਜਲੀ ਕਮੇਟੀ ਦਾ ਗਠਨ ਕਰ ਕੇ ਪਿੰਡ ਕੁੱਸਾ ਦੀ ਧਰਤੀ ਉਪਰ ਹੀ ਸ਼ਰਧਾਂਜਲੀ ਸਮਾਗਮ 9 ਅਕਤੂਬਰ 2011 ਨੂੰ ਆਯੋਜਿਤ ਕਰਨ ਦਾ ਨਿਰਣਾ ਲਿਆ ਗਿਆ। ਇਸ ਵਿਦਾਇਗੀ ਸਮਾਗਮ ਵਿਚ ਵੀ ਓਵੇਂ ਹੀ ਲੋਕ-ਉਮਾਹ ਦਿਖਾਈ ਦੇ ਰਿਹਾ ਸੀ। ਇਸ ਸਮਾਗਮ ਵਿਚ ਜਨਤਕ ਜੱਥੇਬੰਦੀਆਂ, ਜਿਨ੍ਹਾਂ ਦੀ ਬਦੌਲਤ ਇਹ ਵਿਸ਼ਾਲ ਇਕੱਠ ਹੋਇਆ ਸੀ, ਦੇ ਇੱਕਾ-ਦੁੱਕਾ ਬੁਲਾਰਿਆਂ ਨੂੰ ਛੱਡ ਕੇ ਸਾਰੇ ਲੇਖਕ, ਕਲਾਕਾਰ ਅਤੇ ਨਾਟਕਕਾਰ ਹੀ ਬੋਲੇ ਸਨ। ਇਸ ਸਮਾਗਮ ਵਿਚ ਉਘੀ ਬੁੱਕਰ ਪੁਰਸਕਾਰ

ਵਿਜੇਤਾ ਅਰੁੰਧਤੀ ਰਾਏ ਦੀ ਸ਼ਮੂਲੀਅਤ ਅਤੇ ਉਸ ਦਾ ਸਰੋਤਿਆਂ ਨੂੰ ਸੰਬੋਧਿਤ ਹੋਣਾ ਵੀ ਵੱਡਾ ਹਾਸਲ ਅਤੇ ਇਤਿਹਾਸਕ ਪਲ ਸੀ। ਇਸ ਬਾਰੇ ਸਾਡੇ ਬਹੁਤ ਹੀ ਸਤਿਕਾਰਤ ਡਾ. ਆਤਮਜੀਤ ਸਿੰਘ ਹੁਰਾਂ ਦਾ ਕਹਿਣਾ ਸੀ ਕਿ ਜੋ ਲੋਕਾਂ ਨੂੰ ਏਡੀ ਵੱਡੀ ਗਿਣਤੀ ਵਿਚ ਲੈ ਕੇ ਆਏ ਉਨ੍ਹਾਂ ਦਾ ਇੱਕੋ ਬੁਲਾਰਾ ਹੀ ਬੋਲਿਆ ਤੇ ਜੋ ਇਕੱਲੇ-ਇਕੱਲੇ ਆਏ ਸਨ ਉਹ ਸਾਰੇ ਲੇਖਕ ਸਟੇਜ ਉਪਰ ਸਨ।

23 ਅਕਤੂਬਰ 2011 ਨੂੰ ਮੋਗਾ ਵਿਖੇ ਜਨਤਕ ਜਥੇਬੰਦੀਆਂ ਅਤੇ ਰਾਜਨੀਤਕ ਪਾਰਟੀਆਂ ਨੇ ਵੱਡਾ ਇਕੱਠ ਕਰਕੇ ਬਹੁਤ ਵੱਡੇ ਇਕੱਠ ਵਿਚ ਭਾਅ ਜੀ ਨੂੰ ਵਿਦਾਇਗੀ ਦਿੱਤੀ, ਜਿਸ ਵਿਚ ਕੁੱਸੇ ਵਾਲੀ ਸ਼ਰਧਾਂਜਲੀ ਸਮਾਗਮ ਵਾਲੀ ਕਮੇਟੀ ਵੱਡੇ ਕਾਫ਼ਲੇ ਦੇ ਰੂਪ ਵਿਚ ਸ਼ਾਮਿਲ ਹੋਈ। ਇਸ ਸਮਾਗਮ ਦੀ ਵੀ ਵਿਲੱਖਣਤਾ ਸੀ ਕਿ ਇਸ ਵਿਚ ਦਾਂਤੇਵਾੜਾ ਦੇ ਆਪਰੇਸ਼ਨ ਗਰੀਨ ਹੰਟ ਦੇ ਪੀੜਤ ਪ੍ਰਸਿੱਧ ਸਮਾਜ-ਸੇਵੀ ਹਿਮਾਂਸ਼ੂ ਕੁਮਾਰ ਅਤੇ ਰਾਜਨੀਤਕ ਆਗੂ ਵਰਵਰਾ ਰਾਉ, ਪ੍ਰੋ. ਜਗਮੋਹਨ ਸਿੰਘ, ਪ੍ਰੋ. ਸੁਖਦੇਵ ਸਿੰਘ ਸਿਰਸਾ ਆਦਿ ਸ਼ਾਮਿਲ ਸਨ। ਹੋਰ ਵੀ ਥਾਂ-ਥਾਂ ਭਾਅ ਜੀ ਨੂੰ ਯਾਦ ਕੀਤਾ ਜਾ ਰਿਹਾ ਹੈ ਤੇ ਜਾਪਦਾ ਹੈ ਕਿ ਇਹ ਸਾਰਾ ਵਰ੍ਹਾ ਉਨ੍ਹਾਂ ਦੇ ਸ਼ਰਧਾਂਜਲੀ ਸਮਾਰੋਹਾਂ ਦਾ ਵਰ੍ਹਾ ਹੀ ਹੋਵੇਗਾ। ਬਠਿੰਡੇ ਵਿਚ ਉਘੇ ਨਾਟ-ਕਰਮੀ ਕੀਰਤੀ ਕਿਰਪਾਲ ਵੱਲੋਂ 2 ਨਵੰਬਰ ਤੋਂ 13 ਨਵੰਬਰ ਤੱਕ ਦਾ 12-ਰੋਜ਼ਾ ਨਾਟਕ ਮੇਲਾ ਕਰਵਾਇਆ ਜਾ ਰਿਹਾ ਹੈ। 2 ਨਵੰਬਰ ਤੋਂ ਬਠਿੰਡਾ ਸ਼ਹਿਰ ਦੀਆਂ ਗਲੀਆਂ ਵਿਚ ਨੁੱਕੜ ਨਾਟਕਾਂ ਦਾ ਪ੍ਰੋਗਰਾਮ 7 ਨਵੰਬਰ ਤੱਕ ਚੱਲਿਆ ਤੇ ਫਿਰ 8 ਨਵੰਬਰ ਤੋਂ ਹਰ ਰੋਜ਼ 6 ਵਜੇ ਤੋਂ 8 ਵਜੇ ਸ਼ਾਮੀਂ ਨਿੱਤ ਨਾਟਕਾਂ ਦੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਬਟਾਲੇ ਤੋਂ ਸੂਚਨਾ ਹੈ ਕਿ ਡਾ. ਅਨੂਪ ਸਿੰਘ ਦੇ ਯਤਨਾਂ ਨਾਲ ਵੱਡਾ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਭਾਅ ਜੀ ਨੂੰ ਸ਼ਰਧਾਂਜਲੀ ਭੇਂਟ ਹੀ ਨਹੀਂ ਕੀਤੀ ਜਾ ਰਹੀ ਸਗੋਂ ਇਕ ਵੱਡੀ ਪੁਸਤਕ ਛਾਪ ਕੇ ਜ਼ਿੰਦਗੀ ਭਰ ਭਾਅ ਨਾਲ ਕਲਾ ਅਤੇ ਜੀਵਨ ਦੇ ਹਰ ਖੇਤਰ ਵਿਚ ਸਿਦਕਦਿਲੀ ਨਾਲ ਨਿਭੀ ਸਾਡੀ ਭਾਬੀ ਕੈਲਾਸ਼ ਕੌਰ ਜੀ ਨੂੰ ਸਨਮਾਨਤ ਕਰਨ ਦੀ ਯੋਜਨਾ ਉਲੀਕੀ ਗਈ ਹੈ। 25 ਜਨਵਰੀ ਨੂੰ ਪ.ਲ.ਸ. ਮੰਚ ਵੱਲੋਂ ਜਲੰਧਰ ਵਿਚ ਕੀਤਾ ਜਾਣ ਵਾਲਾ ਸੂਬਾਈ ਨਾਟਕ ਮੇਲਾ ਗੁਰਸ਼ਰਨ ਸਿੰਘ ਭਾਅ ਜੀ ਨੂੰ ਸਮਰਪਤ ਹੋਵੇਗਾ। ਇਸ ਤਰ੍ਹਾਂ ਇਹ ਪੂਰਾ ਵਰ੍ਹਾ ਪੰਜਾਬ ਦੀ ਹੀ ਨਹੀਂ ਦੇਸ਼-ਵਿਦੇਸ਼ਾਂ ਦੀ ਫਿਜ਼ਾ ਵਿਚ ਗੂੰਜਦਾ ਰਹੇਗਾ। ਕੁੱਸੇ ਅਤੇ ਮੋਗੇ ਦੇ ਦੋਵਾਂ ਸਮਾਗਮਾਂ ਵਿਚ ਗੁਰਸ਼ਰਨ ਸਿੰਘ ਭਾਅ ਜੀ ਦੇ ਪਰਿਵਾਰ ਦਾ ਸ਼ਾਮਿਲ ਹੋਣਾ ਸਾਡੀ ਬੇਟੀ ਡਾ. ਅਰੀਤ ਕੌਰ ਦੀਆਂ ਆਪਣੀ ਹੀ ਵਿਲੱਖਣ ਸੁਰ ਵਿਚ ਕੀਤੀਆਂ ਗੱਲਾਂ ਸਾਨੂੰ ਵੱਡਾ ਠੁੰਮ੍ਹਣਾ ਦੇਣ ਅਤੇ ਧੀਰਜ ਬੰਨ੍ਹਾਉਣ ਦੇ ਸਮਰੱਥ ਸਨ। ਮੈਂ ਪਿੱਛੇ ਝਾਤ ਮਾਰਦਾ ਹਾਂ ਤਾਂ ਮੈਨੂੰ ਭਾਅ ਜੀ ਦੇ ਕਈ ਰੂਪ ਨਜ਼ਰ ਆਉਂਦੇ ਹਨ। ਹੋਰ ਵੀ ਵਿਲੱਖਣ ਤੇ ਫ਼ਖਰਯੋਗ ਹੈ ਕਿ ਉਨ੍ਹਾਂ ਨਾਲ ਬਹੁਤ ਸਮਾਂ ਮੰਚਨ ਕਰਨ ਵਾਲੇ ਕੇਵਲ ਧਾਲੀਵਾਲ ਹੁਰਾਂ ਨੇ ਭਾਅ ਜੀ ਦੇ ਪੌਣੇ ਦੋ ਸੌ ਨਾਟਕ ਅਤੇ ਭਾਅ ਜੀ ਦੀ ਸ਼ਖ਼ਸੀਅਤ ਉਪਰ ਚਾਨਣਾ ਪਾਉਂਦੀ ਕਿਤਾਬ ਸਮੇਤ ਅੱਠ ਵੱਡੀਆਂ ਪੁਸਤਕਾਂ ਦਾ ਸੈਟ ਛਾਪ ਕੇ ਵੱਡੀ ਸ਼ਰਧਾਂਜਲੀ ਭੇਂਟ ਕੀਤੀ ਹੈ। ਹੋਰ ਵਿਸ਼ੇਸ਼ ਗੱਲ ਹੈ ਕਿ ਇਹ ਪੁਸਤਕਾਂ ਬਹੁਤ ਹੀ ਨਿਗੂਣੇ ਮੁੱਲ ਵਿਚ ਪਾਠਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਅੱਜ ਭਾਅ ਜੀ ਸਾਡੇ ਵਿਚਕਾਰ ਨਹੀਂ ਰਹੇ। ਉਨ੍ਹਾਂ ਦਾ ਦਿਹਾਂਤ ਹੋ ਗਿਆ ਹੈ। ਠੀਕ

ਹੈ ਉਨ੍ਹਾਂ ਦੀ ਦੇਹ ਦਾ ਅੰਤ ਹੋ ਗਿਆ ਹੈ ਪਰ ਉਨ੍ਹਾਂ ਦੇ ਵਿਚਾਰ ਜੋ ਉਨ੍ਹਾਂ ਦੇ ਨਾਟਕਾਂ ਰਾਹੀਂ, ਬੋਲਾਂ ਰਾਹੀਂ, ਲਿਖਤਾਂ ਰਾਹੀਂ ਦੇਸਾਂ-ਦੇਸਾਂਤਰਾਂ ਦੀ ਹਵਾ ਵਿਚ ਗੂੰਜ ਰਹੇ ਹਨ ਉਨ੍ਹਾਂ ਦਾ ਅੰਤ ਨਹੀਂ ਹੋ ਸਕੇਗਾ ਜੋ ਸਦਾ ਚਿਰੰਜੀਵ ਰਹਿਣਗੇ। ਇਹ ਸ਼ਬਦ ਸਾਨੂੰ ਸੰਘਰਸ਼ਾਂ ਦੀ ਪ੍ਰੇਰਨਾ ਦਿੰਦੇ ਰਹਿਣਗੇ ਤੇ ਭਾਅ ਜੀ ਹਮੇਸ਼ਾਂ ਸਾਡੇ ਅੰਗ-ਸੰਗ ਰਹਿਣਗੇ। ਉਹ ਬੋਲ ਸਾਡੇ ਕੰਨਾਂ ਵਿਚ ਉਵੇਂ ਹੀ ਗੂੰਜਣਗੇ, ਉਹ ਸ਼ਬਦ, ਬਰਾਬਰੀ ਦੇ ਸਮਾਜ ਦੀਆਂ ਉਹ ਧੁਨੀਆਂ ਹੋਰ ਵੀ ਪ੍ਰਚੰਡ ਰੂਪ ਵਿਚ ਪ੍ਰਜਵਲਤ ਹੋ ਰਹੀਆਂ ਹਨ, ਉਨ੍ਹਾਂ ਦੀ ਦੇਹ ਦੇ ਅੰਤ ਤੋਂ ਬਾਅਦ।

ਭਾਅ ਜੀ ਇਕ ਖਿਲਾਅ ਛੱਡ ਗਏ ਹਨ ਆਪਣੇ ਪਿੱਛੇ। ਸਪੇਸ ਬਹੁਤ ਵੱਡੀ ਹੈ—ਬਹੁਤ ਵੱਡੀ ਖਾਲੀ ਥਾਂ ਪਿੱਛੇ ਛੱਡ ਗਏ ਹਨ ਭਾਅ ਜੀ। ਸ਼ਾਇਦ ਪੰਜਾਬੀ ਦੀਆਂ ਸਾਰੀਆਂ ਨਾਟਕ-ਮੰਡਲੀਆਂ ਵੀ ਰਲ ਕੇ ਇਹ ਖਾਲੀ ਥਾਂ ਨਾ ਭਰ ਸਕਣ।...ਪਰ ਸਾਨੂੰ ਉਦਾਸ-ਨਿਰਾਸ਼ ਹੋਣ ਦੀ ਲੋੜ ਲਹੀਂ। ਭਾਅ ਜੀ ਦੇ ਮਿਸ਼ਨ ਨੂੰ ਅੱਗੇ ਲਿਜਾਣ ਲਈ ਤਹੱਈਆ ਕਰਨ ਵਾਲੇ ਬਹੁਤ ਲੋਕ ਨਿੱਤਰੇ ਹਨ, ਉਨ੍ਹਾਂ ਦੀਆਂ ਪਾਈਆਂ ਲੀਹਾਂ ਉਪਰ ਚੱਲਣ ਲਈ। ਇਨ੍ਹਾਂ ਲੋਕਾਂ ਨੇ ਭਾਅ ਜੀ ਦੇ ਮਿਸ਼ਨ ਨੂੰ ਅੱਗੇ ਲਿਜਾਣ ਦਾ ਤਹੱਈਆ ਹੀ ਨਹੀਂ ਕੀਤਾ ਸਗੋਂ ਅਹਿਦ ਵੀ ਕੀਤਾ ਹੈ। ਲੋਕਤਾ ਦੇ ਗਗਨ ਵਿਚ ਇਸ 'ਧਰੂ ਤਾਰੇ' ਦੇ ਬੋਲ ਨਗਾਰੇ ਦੀ ਧਮਕਾਰ ਵਾਂਗ ਗੂੰਜਦੇ ਰਹਿਣਗੇ ਤੇ ਅੰਤ ਵਿਚ ਜਿੱਤਾਂਗੇ ਅਸੀਂ ਹੀ! ਤਮਾਮ ਕਾਲੀਆਂ ਤਾਕਤਾਂ ਦੀ ਖੈ ਹੋ ਕੇ ਰਹੇਗੀ! ਉਨ੍ਹਾਂ ਦੀ ਹਾਰ ਅਟੱਲ ਹੈ! ਸਮਾਂ ਕਿੰਨਾ ਲੱਗਦਾ ਹੈ ਇਹ ਤਾਂ ਇਤਿਹਾਸ ਹੀ ਦੱਸੇਗਾ।